ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ,
ਸ਼ਾਪ-ਕਮ-ਆਫਿਸ ਨੰਬਰ 49, ਸੈਕਟਰ 17 ਈ, ਚੰਡੀਗੜ੍ਹ।

ਸੇਵਾ ਵਿਖੇ

ਰਾਜ ਦੇ ਸਮੂਹ :
ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ ;

ਮੀਮੋ ਨੰਬਰ : ਡੀ.ਪੀ.ਜੀ.-2-98- 2107-24
ਮਿਤੀ : 1-2-99

ਵਿਸ਼ਾ :- <u>ਪੰਜਾਬ ਰਾਜ ਵਿਚ ਗਰਾਮ ਸਭਾਵਾਂ ਦੀਆਂ ਤਿਮਾਹੀ ਮੀਟਿੰਗਾਂ ਪਹਿਲਾਂ ਮਿਥੇ ਹੋਏ ਇਤਹਾਸਿਕ ਦਿਨਾਂ ਨੂੰ ਕਰਨ ਸਬੰਧੀ ।</u>

ਉਪਰੋਕਤ ਵਿਸ਼ੇ ਸਬੰਧੀ ਭਾਰਤ ਸਰਕਾਰ ਪੇਂਡੂ ਖੇਤਰ ਅਤੇ ਰੋਜ਼ਗਾਰ ਰਾਜ ਮੰਤਰੀ ਨਵੀਂ ਦਿੱਲੀ ਦੇ ਅਰਧ ਸਰਕਾਰੀ ਪੱਤਰੀ ਨੰਬਰ 12011/4/98- ਪੀ.ਆਰ. ਮਿਤੀ 08/09/98 (ਨਕਲ ਨੱਥੀ) ਜਿਸ ਅਨੁਸਾਰ ਰਾਜ ਮੰਤਰੀਆਂ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਵਲੋਂ 13/05/98 ਨੂੰ ਵਿਗਿਆਨ ਭਵਨ ਨਵੀਂ ਦਿੱਲੀ ਵਿਖੇ ਹੋਈ ਕਾਨਫਰੰਸ ਵਿਚ ਇਹ ਫੈਸਲਾ ਲਿਆ ਹੈ ਕਿ ਗਰਾਮ ਸਭਾਵਾਂ ਦੀਆਂ ਤਿਮਾਹੀ ਮੀਟਿੰਗਾਂ ਪਹਿਲਾਂ ਮਿਥੇ ਇਤਿਹਾਸਕ ਦਿਨਾਂ ਜਿਵੇਂ ਕਿ 26 ਜਨਵਰੀ ਗਣਤੰਤਰ ਦਿਵਸ, 1 ਮਈ ਲੇਬਰ ਡੇ, 15 ਅਗਸਤ ਸੁਤੰਤਰਤਾ ਦਿਵਸ ਅਤੇ 2 ਅਕਤੂਬਰ ਗਾਂਧੀ ਜੈਅੰਤੀ ਵਾਲੇ ਦਿਨ ਕੀਤੀਆਂ ਜਾਇਆ ਕਰਨ। ਇਨ੍ਹਾਂ ਮੀਟਿੰਗਾਂ ਵਿਚ ਭਾਰਤ ਸਰਕਾਰ ਦੇ ਪ੍ਰੋਗਰਾਮਾਂ ਨੂੰ ਸਿਖਰ ਚਾੜ੍ਹਨ ਲਈ ਲਾਭਪਾਤਰੀਆਂ ਦੀ ਮਿਥੇ ਗਏ ਨੀਤੀਆਂ ਅਨੁਸਾਰ ਚੋਣ ਕੀਤੀ ਜਾਵੇ। ਇਸ ਤੋਂ ਇਲਾਵਾ ਪੰਚਾਇਤਾਂ ਦੀ ਵਿੱਤੀ ਹਾਲਤ, ਪੰਚਾਇਤਾਂ ਦਾ ਪ੍ਰਬੰਧ ਅਨਪੜ੍ਹਤਾਂ ਅਤੇ ਇਸਤਰੀਆਂ ਨੂੰ ਸ਼ਕਤੀਸ਼ਾਲੀ ਬਣਾਉਣ ਸਬੰਧੀ ਵਿਚਾਰ ਕੀਤੀ ਜਾਵੇ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਅਰਧ ਸਰਕਾਰੀ ਪੱਤਰ ਦੀ ਦ੍ਰਿੜਤਾ ਨਾਲ ਪਾਲਣਾ ਕੀਤੀ ਜਾਵੇ। ਲੋੜੀਂਦੀ ਕਾਰਵਾਈ ਹਿੱਤ ਇਸ ਦੀ ਨਕਲ ਭੇਜੀ ਜਾਂਦੀ ਹੈ।

ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ,
ਪੰਜਾਬ।